# Punjabi

## ਅੱਗ ਤੋਂ ਬੱਚ ਕੇ ਰਹੋ

ਜੇ ਕਰ ਤੁਹਾਨੂੰ ਇਹ ਪਤਾ ਹੋਵੇ ਕਿ ਕਿਸੇ ਹੰਗਾਮੀ ਹਾਲਤ ਵਿੱਚ ਕੀ ਕਰਨਾ ਹੈ ਤਾਂ ਇਸ ਨਾਲ ਮੌਤ ਅਤੇ ਜ਼ਿੰਦਗੀ ਵਿੱਚ ਬਹੁਤ ਵੱਡਾ ਫ਼ਰਕ ਪੈ ਸਕਦਾ ਹੈ।

ਸਮੋਕ ਅਲਾਰਮ ਲਾਉਣ ਨਾਲ ਅਤੇ ਇਹ ਪਤਾ ਹੋਣ ਨਾਲ ਕਿ ਅੱਗ ਲੱਗਣ ਵੇਲੇ ਕਿਵੇਂ ਬਚ ਨਿਕਲਣਾ ਹੈ, ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀਆਂ ਜਾਨਾਂ ਬਚ ਸਕਦੀਆਂ ਹਨ।

## ਸਾਨੂੰ ਕਹੋ ਕਿ ਅਸੀਂ ਤੁਹਾਡੇ ਘਰ ਦਾ ਮੁਫ਼ਤ ਫ਼ਾਇਰ ਸੇਫ਼ਟੀ ਚੈੱਕ ਕਰੀਏ

ਇਹ ਸੇਫ਼ਟੀ ਚੈੱਕ ਕਰਨ ਲਈ ਅੱਧਾ ਘੰਟਾ ਲੱਗੇਗਾ। ਫ਼ਾਇਰ ਫ਼ਾਈਟਰ ਤੁਹਾਡੇ ਘਰ ਨੂੰ ਚੈੱਕ ਕਰਨਗੇ, ਤੁਹਾਨੂੰ ਅੱਗ ਤੋਂ ਬਚਣ ਬਾਰੇ ਸਲਾਹ ਦੇਣਗੇ ਅਤੇ ਜੇ ਲੋੜ ਹੋਵੇ ਤਾਂ ਤੁਹਾਡੇ ਘਰ ਵਿੱਚ ਮੁਫ਼ਤ ਸਮੋਕ ਅਲਾਰਮ ਫ਼ਿੱਟ ਕਰਨਗੇ।

ਅਸੀਂ ਤੁਹਾਡੇ ਨਾਲ ਅਪੋਆਇੰਟਮੈਂਟ ਬਣਾ ਕੇ ਹੀ ਤੁਹਾਡੇ ਘਰ ਆਵਾਂਗੇ ਜਿਹੜੀ ਉਸ ਸਮੇਂ ਅਤੇ ਦਿਨ ਲਈ ਬਣਾਈ ਜਾਵੇਗੀ ਜਿਹੜੀ ਤੁਹਾਡੇ ਵਾਸਤੇ ਸੁਖਾਵੀਂ ਹੋਵੇ।

ਫ਼ਾਇਰ ਫ਼ਾਈਟਰ ਆਪਣੀ ਵਰਦੀ ਪਾਕੇ ਆਉਣਗੇ ਅਤੇ ਉਨ੍ਹਾਂ ਕੋਲ ਆਪਣੇ ਸ਼ਨਾਖ਼ਤੀ ਕਾਰਡ ਵੀ ਹੋਣਗੇ।

ਕਿਰਪਾ ਕਰਕੇ ਉਨ੍ਹਾਂ ਨੂੰ ਕਹੋ ਕਿ ਉਹ ਤੁਹਾਨੂੰ ਆਪਣੇ ਸ਼ਨਾਖ਼ਤੀ ਕਾਰਡ ਦਿਖਾਉਣ, ਜੇ ਤੁਸੀਂ ਇਸ ਬਾਰੇ ਹੋਰ ਵੀ ਪੱਕੀ ਤਰ੍ਹਾਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਘਰ ਕੌਣ ਦਾਖ਼ਲ ਹੋਣਾ ਚਾਹੁੰਦਾ ਹੈ ਤਾਂ ਤੁਸੀਂ ਉਨ੍ਹਾਂ ਨੂੰ ਕੋਈ ਅਜਿਹੀ ਗੱਲ (ਪਾਸਵਰਡ) ਵੀ ਪੁੱਛ ਸਕਦੇ ਹੋ ਜਿਸ ਦਾ ਪਹਿਲਾਂ ਹੀ ਫ਼ੈਸਲਾ ਕੀਤਾ ਗਿਆ ਹੋਵੇ।

**ਹੈਲਪਲਾਈਨ ਦੇ ਇਸ ਨੰਬਰ ਉੱਤੇ ਮੁਫ਼ਤ ਫ਼ੋਨ ਕਰੋ: 0800 389 5525**
**ਜਾਂ ਸਾਡੀ ਇਸ ਵੈੱਬਸਾਈਟ ਰਾਹੀਂ ਆਪਣਾ ਨਾਂ ਰਜਿਸਟਰ ਕਰੋ: www.wmfs.net**

ਜੇ ਤੁਸੀਂ ਚਾਹੋਂ ਤਾਂ ਤੁਹਾਡੇ ਵਾਸਤੇ ਪੰਜਾਬੀ ਵਿੱਚ ਗੱਲਬਾਤ ਕਰਨ ਲਈ ਕਿਸੇ ਤਰਜਮਾਕਾਰ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।

FIRE KILLS YOU CAN PREVENT IT

ਅੱਗ ਤੋਂ ਬਚਾਓ ਵਾਸਤੇ ਸਲਾਹ ਲੈਣ ਲਈ ਇਸ ਵੈੱਬਸਾਈਟ ਉੱਤੇ ਜਾਓ: **www.firekills.gov.uk**

**ਇਹ ਜਾਣਕਾਰੀ ਕਿਸੇ ਹੋਰ ਬਣਤਰ ਜਾਂ ਬੋੱਲੀ ਵਿੱਚ ਵੀ ਦਿੱਤੀ ਜਾ ਸਕਦੀ ਹੈ। ਇਸ ਦੀ ਮੰਗ ਕਰਨ ਲਈ ਕਿਰਪਾ ਕਰਕੇ ਇਸ ਨੰਬਰ ਉੱਤੇ ਫ਼ੋਨ ਕਰੋ: 0845 800 9000**

WEST MIDLANDS FIRE SERVICE